# ਪੰਜਾਬ ਵਿਧਾਨ ਸਭਾ ਸਕੱਤਰੇਤ

## ਸੋਮਵਾਰ, ਮਿਤੀ 27 ਜੂਨ, 2022 ਨੂੰ ਹੋਣ ਵਾਲੀ ਪੰਜਾਬ ਵਿਧਾਨ ਸਭਾ ਦੀ ਬੈਠਕ ਵਿਚ ਪੁੱਛੇ ਜਾਣ ਵਾਲੇ ਬਿਨ੍ਹਾਂ ਨਿਸ਼ਾਨ ਵਾਲੇ ਪ੍ਰਸ਼ਨ।

### ਬੋਹਾ ਦੀ ਅਨਾਜ ਮੰਡੀ ਦੀਆਂ ਦੁਕਾਨਾਂ/ਬੂਥ ਆੜ੍ਹਤੀਆਂ ਨੂੰ ਅਲਾਟ ਕਰਨਾ

7. **ਸ਼੍ਰੀ ਬੁੱਧ ਰਾਮ, ਐਮ.ਐਲ.ਏ.**:- ਕੀ ਮੁੱਖ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ:-

ੳ) ਕੀ ਇਹ ਠੀਕ ਹੈ ਕਿ ਬੋਹਾ (ਹਲਕਾ ਬੁਢਲਾਡਾ) ਦੀ ਅਨਾਜ ਮੰਡੀ ਵਿੱਚ ਆੜ੍ਹਤੀਆਂ ਲਈ ਦੁਕਾਨਾਂ (ਬੂਥ) ਬਣਾਏ ਹੋਏ ਹਨ ਪਰ ਕੀਮਤ ਜਿਆਦਾ ਹੋਣ ਕਰਕੇ ਇਹ ਦੁਕਾਨਾਂ ਆੜ੍ਹਤੀਆਂ ਨੂੰ ਨਹੀਂ ਦਿੱਤੀਆਂ ਗਈਆਂ;

ਅ) ਕੀ ਸਰਕਾਰ ਉਕਤ ਦੁਕਾਨਾਂ (ਬੂਥ) ਆੜ੍ਹਤੀਆਂ ਨੂੰ ਦੇਣ (ਅਲਾਟ ਕਰਨ) ਦਾ ਕੋਈ ਵਿਚਾਰ ਰੱਖਦੀ ਹੈ?

### ਪੰਜਾਬ ਦੇ ਸਕੂਲਾਂ ਦੇ ਟੀਚਿੰਗ ਸਟਾਫ ਨੂੰ ਰੈਸ਼ਨੇਲਾਈਜੇਸ਼ਨ ਕਰਨਾ

8. **ਸ਼੍ਰੀ ਬੁੱਧ ਰਾਮ, ਐਮ.ਐਲ.ਏ.**:- ਕੀ ਸਿੱਖਿਆ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ:-

ੳ) ਕੀ ਇਹ ਠੀਕ ਹੈ ਕਿ ਪੰਜਾਬ ਦੇ ਸਕੂਲਾਂ ਵਿੱਚ ਵੱਡੇ ਪੱਧਰ ਤੇ ਪੋਸਟਾਂ (ਸਭ ਵਰਗਾਂ ਦੀਆਂ) ਖਾਲੀ ਪਈਆ ਹਨ, ਪਰ ਵੱਡੇ ਸ਼ਹਿਰਾਂ ਮੋਹਾਲੀ ਅਤੇ ਕਾਰਪੋਰੇਸ਼ਨ ਸ਼ਹਿਰਾਂ ਦੇ ਨੇੜੇ ਵਾਲੇ ਸਕੂਲਾਂ ਵਿੱਚ ਟੀਚਿੰਗ ਸਟਾਫ ਲੋੜ ਤੋਂ ਵੱਧ ਹੈ;

ਅ) ਕੀ ਸਰਕਾਰ ਇਹਨਾਂ ਪੋਸਟਾਂ ਦੀ ਰੈਸ਼ਨੇਲਾਈਜੇਸ਼ਨ (ਤਰਕਸੰਗਤ) ਕਰਨ ਦਾ ਕੋਈ ਵਿਚਾਰ ਰੱਖਦੀ ਹੈ, ਜਿਸ ਨਾਲ ਦੂਰ ਦੁਰਾਡੇ ਸਕੂਲਾਂ ਵਿੱਚ ਵੀ ਅਧਿਆਪਕ ਬੱਚਿਆਂ ਦੇ ਅਨੁਪਾਤ ਅਨੁਸਾਰ ਮਿਲ ਸਕਣ?

### ਹੱਡਾ ਰੋੜੀ ਦੀ ਫੈਲਦੀ ਬਦਬੂ ਤੋਂ ਕੈਲਸ਼ੀਅਮ ਫਾਸਫੇਟ ਦੇ ਯੂਨਿਟ ਲਗਾਉਣਾ

14. **ਸਰਦਾਰ ਮਨਵਿੰਦਰ ਸਿੰਘ ਗਿਆਸਪੁਰਾ, ਐਮ.ਐਲ.ਏ.**:- ਕੀ ਪੇਂਡੂ ਵਿਕਾਸ ਤੇ ਪੰਚਾਇਤ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਕੀ ਇਹ ਠੀਕ ਹੈ ਕਿ ਪਾਇਲ ਹਲਕੇ ਦੇ ਬਹੁ ਗਿਣਤੀ ਪਿੰਡਾਂ ਵਿੱਚ ਹੱਡਾ-ਰੋੜੀ ਵਿੱਚੋਂ ਫੈਲ ਰਹੀ ਬਦਬੂ ਕਾਰਨ ਲੋਕ ਪਰੇਸ਼ਾਨ ਹਨ; ਜੇਕਰ ਅਜਿਹਾ ਹੋਵੇਂ ਤਾਂ ਕੀ ਸਰਕਾਰ ਵਿਚਾਰ ਕਰੇਗੀ ਕਿ ਪਸ਼ੂਆਂ ਦੇ ਹੱਡਾ ਤੋਂ ਜਿਹੜੀ ਬਦਬੂ ਫੈਲਦੀ ਹੈ ਉਸ ਤੋਂ ਕੈਲਸੀਅਮ ਫਾਸਫੇਟ ਬਣਾਉਣ ਦੇ ਛੋਟੇ ਯੂਨਿਟ ਲਗਾਏ ਜਾਣ ਜਿਸ ਨਾਲ ਪਿੰਡਾਂ ਨੂੰ ਆਮਦਨ ਵੀ ਹੋਵੇਗੀ ਅਤੇ ਗੰਦੀ ਬਦਬੂ ਤੋਂ ਨਿਜਾਤ ਵੀ ਮਿਲੇਗੀ?

### PAU ਲੁਧਿਆਣਾ ਵਿੱਚ ਟੀਚਿੰਗ ਸਟਾਫ ਲਈ ਰਾਖਵਾਂਕਰਨ ਲਾਗੂ ਕਰਨਾ

15. **ਸਰਦਾਰ ਮਨਵਿੰਦਰ ਸਿੰਘ ਗਿਆਸਪੁਰਾ, ਐਮ.ਐਲ.ਏ.**:- ਕੀ ਮੁੱਖ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ:-

ੳ) ਕੀ ਇਹ ਠੀਕ ਹੈ ਕਿ 1962 ਵਿੱਚ ਸਥਾਪਿਤ ਹੋਈ PAU ਲੁਧਿਆਣਾ ਵਿੱਚ ਟੀਚਿੰਗ ਪੋਸਟਾਂ ਵਿੱਚ ਸਿੱਧੀ ਭਰਤੀ ਸਮੇਂ, Assistant Professor/ Associate Professor/Professor ਦੀਆਂ ਅਸਾਮੀਆਂ ਲਈ ਪੰਜਾਬ ਸਰਕਾਰ ਦੀ ਰਿਜਰਵੇਸ਼ਨ ਨੀਤੀ ਲਾਗੂ ਨਹੀਂ ਸੀ;

ਅ) ਜੇਕਰ (ੳ) ਦਾ ਉੱਤਰ ਹਾਂ ਵਿੱਚ ਹੈ ਤਾਂ ਇਸ ਦੇ ਕੀ ਕਾਰਨ ਹਨ;

ੲ) PAU ਲੁਧਿਆਣਾ UGC ਜਾਂ ICAR ਵੱਲੋਂ ਜਾਰੀ ਹਦਾਇਤਾਂ ਤੇ ਕਦੋਂ ਤੋਂ ਕੰਮ ਕਰਨਾ ਸ਼ੁਰੂ ਕਰੇਗੀ ਅਤੇ ਇਸ ਸਬੰਧੀ ਪੰਜਾਬ ਸਰਕਾਰ ਕੀ ਕਾਰਵਾਈ ਕਰ ਰਹੀ ਹੈ?

### ਜੰਗਲਾਤ ਵਿਭਾਗ ਦੀਆਂ ਮੰਨਜੂਰਸ਼ੁਦਾ ਅਸਾਮੀਆਂ ਦੇ ਵੇਰਵੇ

40. **ਸ਼੍ਰੀ ਵਿਕਰਮਜੀਤ ਸਿੰਘ ਚੌਧਰੀ, ਐਮ.ਐਲ.ਏ.**:- ਕੀ ਜੰਗਲਾਤ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ:-

ੳ) ਰਾਜ ਵਿੱਚ ਇਸ ਸਮੇਂ ਜੰਗਲਾਤ ਅਧੀਨ ਕਿੰਨਾ ਰਕਬਾ ਹੈ ਅਤੇ ਇਸ ਰਕਬੇ ਨੂੰ ਵਧਾਉਣ ਲਈ ਸਰਕਾਰ ਵੱਲੋਂ ਕੀ ਕਦਮ ਚੁੱਕੇ ਗਏ/ਚੁੱਕੇ ਜਾਣੇ ਹਨ;

ਅ) ਜੰਗਲਾਤ ਵਿਭਾਗ ਵਿੱਚ ਸ਼੍ਰੇਣੀ-ਵਾਰ ਮੰਨਜੂਰਸ਼ੁਦਾ ਅਸਾਮੀਆਂ ਦੀ ਕੁੱਲ ਗਿਣਤੀ ਅਤੇ ਖਾਲੀ ਪਈਆਂ ਅਸਾਮੀਆਂ ਦੀ ਗਿਣਤੀ ਕਿੰਨੀ ਹੈ;

ੲ) ਉਕਤ ਅਸਾਮੀਆਂ ਨੂੰ ਭਰਨ ਲਈ ਸਰਕਾਰ ਦੁਆਰਾ ਕੀ ਕਦਮ ਚੁੱਕੇ ਗਏ ਹਨ ਅਤੇ ਇਸ ਪ੍ਰਕਿਰਿਆ ਨੂੰ ਪੂਰਾ ਕਰਨ ਲਈ ਕਿੰਨਾਂ ਸਮਾਂ ਲੱਗੇਗਾ?

### ਰਾਜ ਦੇ ਅਵਾਰਾ ਪਸ਼ੂਆਂ ਦੀ ਗਿਣਤੀ ਅਤੇ ਉਹਨਾਂ ਦੀ ਰੱਖਿਆ ਦੇ ਪ੍ਰਬੰਧ ਕਰਨਾ

42. **ਸ਼੍ਰੀ ਵਿਕਰਮਜੀਤ ਸਿੰਘ ਚੌਧਰੀ, ਐਮ.ਐਲ.ਏ.**:- ਕੀ ਪਸ਼ੂ ਪਾਲਣ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ:-

ੳ) ਕੀ ਇਹ ਠੀਕ ਹੈ ਕਿ ਸਰਕਾਰ ਨੇ ਰਾਜ ਵਿੱਚ ਅਵਾਰਾ ਪਸ਼ੂਆਂ ਦੀ ਗਿਣਤੀ ਦਾ ਪਤਾ ਲਗਾਉਣ ਲਈ ਕੋਈ ਅਧਿਐਨ ਕਰਵਾਇਆ ਹੈ, ਜੇਕਰ ਅਜਿਹਾ ਹੋਵੇ ਤਾਂ ਇਸ ਦੇ ਵੇਰਵੇ ਕੀ ਹਨ;

ਅ) ਸਰਕਾਰ ਵੱਲੋਂ ਅਵਾਰਾ ਪਸ਼ੂਆਂ ਦੀ ਰੱਖਿਆ ਲਈ, ਉਨ੍ਹਾਂ ਨੂੰ ਹਰਾ ਚਾਰਾ ਮੁਹੱਈਆ ਕਰਾਉਣ ਲਈ ਅਤੇ ਉਚਿੱਤ ਗਿਣਤੀ ਵਿੱਚ ਸ਼ੈਲਟਰ ਬਣਾਉਣ ਦੇ ਮੰਤਵ ਲਈ ਕੀ ਕਦਮ ਚੁੱਕੇ ਗਏ/ਚੁੱਕੇ ਜਾਣੇ ਹਨ?

### ਵੈਟ ਦੇ ਕੇਸਾਂ ਵਿੱਚ ਬਕਾਇਆ ਰਾਸ਼ੀ ਦੀ ਅਦਾਇਗੀ ਦੇ ਵੇਰਵੇ

44. **ਸ਼੍ਰੀ ਵਿਕਰਮਜੀਤ ਸਿੰਘ ਚੌਧਰੀ, ਐਮ.ਐਲ.ਏ.**:- ਕੀ ਆਬਕਾਰੀ ਤੇ ਕਰ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ:-

ੳ) ਸਰਕਾਰ ਕੋਲ ਮੌਜੂਦਾ ਸਮੇਂ ਵਿੱਚ ਮੁੱਲ ਅਧਾਰਿਤ ਕਰ (ਵੈਟ) ਵਾਪਸੀ ਰਕਮ ਦੇ ਲੰਬਿਤ ਪਏ ਕੇਸਾਂ ਦੀ ਗਿਣਤੀ ਅਤੇ ਵਾਪਸ ਕੀਤੀ ਜਾਣ ਵਾਲੀ ਰਕਮ ਦੀ ਕੁੱਲ ਰਾਸ਼ੀ ਕਿੰਨੀ ਹੈ;

ਅ) ਸਰਕਾਰ ਵੱਲੋਂ ਵੈਟ ਦੇ ਕੇਸਾਂ ਵਿੱਚ ਬਕਾਇਆ ਰਾਸ਼ੀ ਦੀ ਅਦਾਇਗੀ ਕਦੋਂ ਤੱਕ ਕਰ ਦਿੱਤੀ ਜਾਵੇਗੀ?

ਪਰਤੋਂ ਜੀ......

**ਮਰੀਜਾਂ ਨੂੰ ਮੁਫਤ ਮੁੱਢਲੇ ਟੈਸਟਾਂ ਦੀ ਸੁਵਿਧਾ ਦੇਣਾ**

54. **ਡਾ. ਨੱਛਤਰ ਪਾਲ, ਐਮ.ਐਲ.ਏ.:-** ਕੀ ਮੁੱਖ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਕੀ ਇਹ ਠੀਕ ਹੈ ਕਿ ਰਾਜ ਦੇ ਸਾਰੇ ਜਿਲ੍ਹਾ ਅਤੇ ਤਹਿਸੀਲ ਪੱਧਰੀ ਹਸਪਤਾਲਾਂ ਦੀਆਂ ਪ੍ਰਯੋਗਸ਼ਾਲਾ ਵਿੱਚ ਮਰੀਜਾਂ ਦੇ ਮੁੱਢਲੇ ਟੈਸਟ ਕੇਵਲ ਦੁਪਹਿਰ ਤੱਕ ਹੀ ਕੀਤੇ ਜਾਂਦੇ ਹਨ; ਜੇਕਰ ਅਜਿਹਾ ਹੋਵੇ ਤਾਂ ਕੀ ਸਰਕਾਰ ਟੈਸਟਾਂ ਦੀ ਗਿਣਤੀ ਵਿੱਚ ਵਾਧਾ ਕਰਨ ਅਤੇ ਟੈਸਟ ਦਾ ਸਮਾਂ ਵਧਾਉਣ ਲਈ ਵਿਚਾਰ ਕਰ ਰਹੀ ਹੈ; ਜੇਕਰ ਹਾਂ ਤਾਂ ਕਦੋਂ ਤੱਕ?

**ਕੋਵਿਡ ਮਹਾਂਮਾਰੀ ਦੌਰਾਨ ਦੱਸਵੀਂ ਅਤੇ ਬਾਰ੍ਹਵੀਂ ਜਮਾਤ ਦੇ ਵਿਦਿਆਰਥੀਆਂ ਤੋਂ ਪ੍ਰੀਖਿਆ ਫ਼ੀਸ ਲੈਣ ਦੇ ਵੇਰਵੇ**

63. **ਡਾ. ਸੁਖਵਿੰਦਰ ਕੁਮਾਰ, ਐਮ.ਐਲ.ਏ.:-** ਕੀ ਸਿੱਖਿਆ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ:-

ੳ) ਕੀ ਇਹ ਠੀਕ ਹੈ ਕਿ ਪੰਜਾਬ ਸਕੂਲ ਸਿੱਖਿਆ ਬੋਰਡ, ਐਸ.ਏ.ਐਸ. ਨਗਰ (ਮੋਹਾਲੀ) ਵੱਲੋਂ ਵਿੱਦਿਅਕ ਵਰ੍ਹੇ 2020-2021 ਵਿੱਚ ਦੱਸਵੀਂ ਅਤੇ ਬਾਰ੍ਹਵੀਂ ਜਮਾਤ ਦੇ ਵਿਦਿਆਰਥੀਆਂ ਤੋਂ ਪ੍ਰੀਖਿਆ ਫ਼ੀਸ ਲਈ ਗਈ ਹੈ; ਜੇਕਰ ਅਜਿਹਾ ਹੋਵੇ ਤਾਂ ਉਸ ਤੋਂ ਬੋਰਡ ਨੂੰ ਕਿੰਨੀ ਆਮਦਨ ਹੋਈ ਹੈ;

ਅ) ਕੀ ਇਹ ਵੀ ਠੀਕ ਹੈ ਬੋਰਡ ਵੱਲੋਂ ਦਸਵੀਂ ਅਤੇ ਬਾਰ੍ਹਵੀਂ ਕਲਾਸ ਦੇ ਪ੍ਰੀਖਿਆਰਥੀਆਂ ਤੋਂ ਸਰਟੀਫਿਕੇਟ ਦੀ ਹਾਰਡ ਕਾਪੀ ਦੀ ਕੀਮਤ 300 ਰੁਪਏ ਵਸੂਲੀ ਜਾ ਰਹੀ ਹੈ; ਜੇਕਰ ਅਜਿਹਾ ਹੋਵੇ ਤਾਂ ਵੇਰਵੇ ਸਹਿਤ ਦੱਸਿਆ ਜਾਵੇ?

**ਰਾਜ ਦੇ ਸਰਕਾਰੀ ਹਸਪਤਾਲਾਂ ਵਿੱਚ ਮਰੀਜ਼ਾਂ ਨੂੰ Angiography ਅਤੇ Stent ਪਾਉਣ ਦੀ ਸਹੂਲਤ ਦੇਣਾ**

68. **ਡਾ. ਸੁਖਵਿੰਦਰ ਕੁਮਾਰ, ਐਮ.ਐਲ.ਏ.:-** ਕੀ ਮੁੱਖ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ:-

ੳ) ਕੀ ਰਾਜ ਦੇ ਸਰਕਾਰੀ ਹਸਪਤਾਲਾਂ ਵਿੱਚ ਮਰੀਜ਼ਾਂ ਲਈ angiography ਅਤੇ stent ਪਾਉਣ ਦੀ ਸੁਵਿਧਾ ਉਪਲੱਬਧ ਹੈ, ਵੇਰਵੇ ਸਹਿਤ ਦੱਸਿਆ ਜਾਵੇ ਅਤੇ ਜੇਕਰ ਨਹੀਂ ਤਾਂ ਕੀ ਸਰਕਾਰ ਲੋਕਾਂ ਨੂੰ ਇਹ ਸਹੂਲਤ ਮੁਹੱਈਆ ਕਰਵਾਉਣ ਦੀ ਕਿਸੇ ਤਜਵੀਜ਼ ਤੇ ਵਿਚਾਰ ਕਰ ਰਹੀ ਹੈ; ਜੇਕਰ ਅਜਿਹਾ ਹੋਵੇ ਤਾਂ ਕਦੋਂ ਤੱਕ;

ਅ) ਕੀ ਰਾਜ ਦੇ ਜ਼ਿਲ੍ਹਾ ਪੱਧਰ ਦੇ ਸਰਕਾਰੀ ਹਸਪਤਾਲਾਂ ਵਿੱਚ ਮਰੀਜ਼ਾਂ ਲਈ Neuro ਅਤੇ Cardiac Surgery ਦੀ ਸੁਵਿਧਾ ਉਪਲਬਧ ਹੈ, ਵੇਰਵੇ ਸਹਿਤ ਦੱਸਿਆ ਜਾਵੇ ਅਤੇ ਜੇਕਰ ਨਹੀਂ ਤਾਂ ਕੀ ਸਰਕਾਰ ਲੋਕਾਂ ਨੂੰ ਇਹ ਸਹੂਲਤ ਮੁਹੱਈਆ ਕਰਵਾਉਣ ਦੀ ਕਿਸੇ ਤਜਵੀਜ਼ ਤੇ ਵਿਚਾਰ ਕਰ ਰਹੀ ਹੈ; ਜੇਕਰ ਅਜਿਹਾ ਹੋਵੇ ਤਾਂ ਕਦੋਂ ਤੱਕ?

**ਈ.ਟੀ.ਟੀ. ਟੀਚਰਾਂ ਦੀ ਭਰਤੀ ਵਿੱਚ ਉਮੀਦਵਾਰਾਂ ਨੂੰ ਉਮਰ ਹੱਦ ਵਿੱਚ ਛੋਟ ਦੇਣਾ**

72. **ਸ਼੍ਰੀ ਦਿਨੇਸ਼ ਚੱਢਾ, ਐਮ.ਐਲ.ਏ.:-** ਕੀ ਸਿੱਖਿਆ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਸਿੱਖਿਆ ਵਿਭਾਗ ਵੱਲੋਂ ਜੋ ਸਾਲ 2021 ਤੋਂ 6635 ਈ.ਟੀ.ਟੀ. ਟੀਚਰਾਂ ਦੀ ਭਰਤੀ ਕੀਤੀ ਜਾ ਰਹੀ ਹੈ ਉਸ ਵਿੱਚ ਕੁਝ ਅਜਿਹੇ ਉਮੀਦਵਾਰ ਹਨ ਜਿਨ੍ਹਾਂ ਦੀ ਉਮਰ ਦੀ ਉਪਰਲੀ ਸੀਮਾ ਲੰਘ ਚੁੱਕੀ ਹੈ ਪਰ ਸਾਲ 2020 ਵਿੱਚ ਜੋ 2364 ਈ.ਟੀ.ਟੀ. ਟੀਚਰਾਂ ਦੀ ਭਰਤੀ ਲਈ ਟੈਸਟ ਲਿਆ ਗਿਆ ਸੀ, ਉਸ ਵਿੱਚ ਇਹ ਉਮੀਦਵਾਰ ਉਮਰ ਹੱਦ ਦੀਆਂ ਸ਼ਰਤਾਂ ਪੂਰੀਆਂ ਕਰ ਚੁੱਕੇ ਸਨ ਅਤੇ ਉਸ ਸਮੇਂ ਸਰਕਾਰ ਦੀਆਂ ਭਰਤੀ ਸਬੰਧੀ ਗਲਤ ਨੀਤੀਆਂ ਕਾਰਨ ਭਰਤੀ ਰੱਦ ਹੋ ਗਈ ਸੀ। ਜਿਹੜੇ ਉਮੀਦਵਾਰ 2364 (ਸਾਲ 2020) ਦੀ ਭਰਤੀ ਵੇਲੇ ਉਮਰ ਹੱਦ ਦੇ ਯੋਗ ਸਨ ਕੀ ਉਨ੍ਹਾਂ ਨੂੰ 6635 ਪੋਸਟਾਂ (ਸਾਲ 2021) ਦੀ ਭਰਤੀ ਵਿੱਚ ਉਮਰ ਹੱਦ ਦੀ ਛੋਟ ਦੇਣ ਸਬੰਧੀ ਵਿਭਾਗ ਕੋਈ ਵਿਚਾਰ ਕਰ ਰਿਹਾ ਹੈ; ਵੇਰਵੇ ਸਹਿਤ ਦੱਸਿਆ ਜਾਵੇ?

**ਗ੍ਰਾਮ ਪੰਚਾਇਤ ਸਹਿਣਾ ਨੂੰ ਨਗਰ ਪੰਚਾਇਤ ਬਣਾਉਣਾ**

73. **ਸਰਦਾਰ ਲਾਭ ਸਿੰਘ ਉਗੋਕੇ, ਐਮ.ਐਲ.ਏ.:-** ਕੀ ਪੇਂਡੂ ਵਿਕਾਸ ਅਤੇ ਪੰਚਾਇਤ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਕੀ ਹਲਕਾ ਭਦੌੜ ਦੇ ਪਿੰਡ ਸਹਿਣਾ ਦੀ ਗ੍ਰਾਮ ਪੰਚਾਇਤ ਨੂੰ ਨਗਰ ਪੰਚਾਇਤ ਬਣਾਉਣ ਦੀ ਕੋਈ ਤਜਵੀਜ਼ ਸਰਕਾਰ ਦੇ ਵਿਚਾਰ ਅਧੀਨ ਹੈ; ਜੇਕਰ ਹਾਂ ਤਾਂ ਕਦੋਂ ਤੱਕ?

**ਸਬ-ਡਵੀਜਨ ਦੇ ਸਾਰੇ ਦਫ਼ਤਰ ਤਪਾ ਮੰਡੀ ਵਿਖੇ ਸਥਾਪਿਤ ਕਰਨੇ**

74. **ਸਰਦਾਰ ਲਾਭ ਸਿੰਘ ਉਗੋਕੇ, ਐਮ.ਐਲ.ਏ.:-** ਕੀ ਮਾਲ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਕੀ ਇਹ ਠੀਕ ਹੈ ਕੀ ਸਬ-ਡਵੀਜਨ ਤਪਾ ਮੰਡੀ ਦੇ ਕਈ ਦਫ਼ਤਰ ਬਰਨਾਲਾ ਵਿਖੇ ਹਨ; ਜੇਕਰ ਅਜਿਹਾ ਹੋਵੇ ਤਾਂ ਕੀ ਤਪਾ ਮੰਡੀ ਦੇ ਇਹ ਸਾਰੇ ਦਫ਼ਤਰ ਸਬ-ਡਵੀਜਨ ਤਪਾ ਵਿਖੇ ਸਥਾਪਿਤ ਕਰਨ ਦੀ ਕੋਈ ਤਜਵੀਜ਼ ਸਰਕਾਰ ਦੇ ਵਿਚਾਰ ਅਧੀਨ ਹੈ; ਜੇਕਰ ਹਾਂ ਤਾਂ ਕਦੋਂ ਤੱਕ?

**ਪਿਛਲੇ ਸਾਲ ਲਗਾਏ ਗਏ ਦਰੱਖਤਾਂ ਦੇ ਵੇਰਵੇ**

80. **ਸਰਦਾਰ ਇੰਦਰਬੀਰ ਸਿੰਘ ਨਿੱਜਰ, ਐਮ.ਐਲ.ਏ.:-** ਕੀ ਜੰਗਲਾਤ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ:-

ੳ) ਰਾਜ ਵਿੱਚ ਪਿਛਲੇ ਸਾਲ ਵਿੱਚ ਲਗਾਏ ਗਏ ਦਰੱਖਤਾਂ ਦੀ ਗਿਣਤੀ ਕਿੰਨੀ ਹੈ ਅਤੇ

ਅ) ਇਨ੍ਹਾਂ ਵਿੱਚੋਂ ਕਿੰਨੇ ਦਰੱਖਤ ਸੁਰੱਖਿਅਤ ਹਨ?

24/6/2022

Superintendent
Punjab Vidhan Sabha
Chandigarh

ਸੁਰਿੰਦਰ ਪਾਲ,
ਸਕੱਤਰ,
ਪੰਜਾਬ ਵਿਧਾਨ ਸਭਾ।

ਚੰਡੀਗੜ੍ਹ
ਮਿਤੀ 23 ਜੂਨ, 2022